# ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ, ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਮੋਹਾਲੀ ਫੋਨ ਨੰ: 0172-2212221,

ਵੱਲ:-

ਸਮੂਹ ਸਕੂਲ ਮੁਖੀ ,
ਪੰਜਾਬ।

ਮੀਮੋ ਨੰ: 5/6-2018/8158 (ਅਕਾ)
ਮਿਤੀ.ਐਸ.ਏ.ਐਸ ਨਗਰ.29-10-2018

ਵਿਸ਼ਾ:- 'ਉਡਾਣ' ਪ੍ਰੋਜੈਕਟ ਦਾ ਤੀਸਰਾ ਮਹੀਨਾਵਾਰ ਟੈਸਟ ਲੈਣ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਹਰ ਮਹੀਨੇ ਦੇ ਅਖੀਰਲੇ ਕੰਮ ਵਾਲੇ ਦਿਨ ਅਖੀਰਲੇ ਪੀਰੀਅਰਡ ਵਿੱਚ "ਉਡਾਣ" ਦਾ ਟੈਸਟ ਲੈਣਾ ਹੈ। ਇਸ ਲਈ ਇਹ ਟੈਸਟ ਮਿਤੀ 31-10-2018 ਨੂੰ ਅਖੀਰਲੇ ਪੀਰੀਅਡ ਵਿੱਚ ਲਿਆ ਜਾਵੇ।ਆਪਣੇ-ਆਪਣੇ ਜ਼ਿਲ੍ਹੇ ਦੇ ਸਕੂਲਜ਼ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਸਕੂਲ ਨੇ ਇਹ ਟੈਸਟ ਕੰਡਕਟ ਕਰਵਾ ਲਿਆ ਹੈ।ਇਸ ਦੀ Answer Key 01-11-2018 ਨੂੰ ਅਪਲੋਡ ਕਰ ਦਿੱਤੀ ਜਾਵੇਗੀ।

ਜਿਵੇਂ ਕਿ ਨਵੰਬਰ,2018 ਮਹੀਨੇ ਵਿੱਚ NTSE,NMMS ਦੀ ਮੁਕਾਬਲਾ ਪ੍ਰੀਖਿਆ ਹੋਣੀ ਹੈ ਇਸ ਲਈ ਆਪਣੇ ਜ਼ਿਲ੍ਹੇ ਅਧੀਨ ਆਉਂਦੇ ਹਰ ਮਿਡਲ,ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਜ਼ ਨੂੰ ਹਦਾਇਤ ਕੀਤੀ ਜਾਵੇ ਕਿ ਹੁਣ ਤੱਕ ਜਿੰਨੀਆਂ ਸ਼ੀਟਾਂ ਮੁੱਖ ਦਫਤਰ ਵਲੋਂ ਭੇਜੀਆਂ ਗਈਆਂ ਹਨ ਉਨ੍ਹਾਂ ਦੀਆਂ ਘੱਟੋ-ਘੱਟ ਦੋ-ਦੋ ਹਾਰਡ ਕਾਪੀਆਂ ਤਿਆਰ ਕਰਕੇ ਲਾਇਬ੍ਰੇਰੀ ਵਿੱਚ ਰੱਖੀਆਂ ਜਾਣ ਤਾਂ ਜੋ ਇਨ੍ਹਾਂ ਕਾਪੀਆਂ ਤੋਂ ਵਿਦਿਆਰਥੀਆਂ ਨੂੰ ਟੈਸਟ ਦੀ ਤਿਆਰੀ ਕਰਨੀ ਅਸਾਨ ਹੋ ਜਾਵੇ।ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ ਅਤੇ ਜੇਕਰ ਕੋਈ ਸਕੂਲ ਮੁੱਖੀ ਅਣਗਹਿਲੀ ਕਰਦਾ ਹੈ ਤਾਂ ਉਸ ਮੁੱਖੀ ਦੀ ਜਿੰਮੇਵਾਰੀ ਫ਼ਿਕਸ ਕੀਤੀ ਜਾਵੇ।

29.10.18
ਸਹਾਇਕ ਡਾਇਰੈਕਟਰ(ਅਕਾਦਮਿਕ)
ਐਸ.ਸੀ.ਈ.ਆਰ.ਟੀ (ਪੰਜਾਬ)

ਪਿ.ਅੰ.ਨੰ:-ਉਕਤ

ਉਤਾਰਾ ਹੇਠ ਲਿਖਿਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-
1.ਐਮ.ਆਈ.ਐਸ ਵਿੰਗ ਨੂੰ ਵੈਬਸਾਈਟ ਤੇ ਪਾਉਣ ਲਈ।

ਸਹਾਇਕ ਡਾਇਰੈਕਟਰ(ਅਕਾਦਮਿਕ)
ਐਸ.ਸੀ.ਈ.ਆਰ.ਟੀ (ਪੰਜਾਬ)